# Telephonic conversation between Prime Minister and President of the European Council

May 07, 2020

---

## ਪ੍ਰਧਾਨ ਮੰਤਰੀ ਅਤੇ ਯੂਰਪੀਅਨ ਪਰਿਸ਼ਦ ਦੇ ਪ੍ਰਧਾਨ ਦਰਮਿਆਨ ਟੈਲੀਫ਼ੋਨ' ਤੇ ਹੋਈ ਗੱਲਬਾਤ

7 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਯੂਰਪੀਅਨ ਪਰਿਸ਼ਦ ਦੇ ਪ੍ਰਧਾਨ ਮਹਾਮਹਿਮ ਚਾਰਲਸ ਮਿਸ਼ੇਲ ਨਾਲ ਫੋਨ ਰਾਹੀਂ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਭਾਰਤ ਅਤੇ ਯੂਰਪੀਅਨ ਯੂਨੀਅਨ ਵਿੱਚ COVID -19 ਮਹਾਂਮਾਰੀ ਦੇ ਹਾਲਾਤ ਅਤੇ ਆਪੋ ਆਪਣੇ ਪ੍ਰਤੀਕਰਮ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਮਹਾਂਮਾਰੀ ਹੋਣ ਤੋਂ ਬਾਅਦ ਜ਼ਰੂਰੀ ਦਵਾਈਆਂ ਦੀ ਸਪਲਾਈ ਨੂੰ ਯਕੀਨੀ ਬਣਾਉਣ ਸਮੇਤ ਵਧ ਰਹੇ ਆਪਸੀ ਸਹਿਯੋਗ ਦੀ ਸ਼ਲਾਘਾ ਕੀਤੀ।

ਦੋਨਾਂ ਆਗੂਆਂ ਨੇ COVID-19 ਦੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵ ਨਾਲ ਕਾਰਗਰ ਢੰਗ ਨਾਲ ਨਜਿੱਠਣ ਲਈ ਖੇਤਰੀ ਅਤੇ ਕੌਮਾਂਤਰੀ ਤਾਲਮੇਲ ਦੀ ਮਹੱਤਤਾ ਦੀ ਗੱਲ ਕੀਤੀ।

ਦੋਨਾਂ ਆਗੂਆਂ ਨੇ ਭਾਰਤ-ਯੂਰਪੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਉਨ੍ਹਾਂ ਨੇ ਆਪਣੇ ਅਧਿਕਾਰੀਆਂ ਵੱਲੋਂ ਅਗਲੇ ਭਾਰਤ- ਯੂਰਪੀਅਨ ਯੂਨੀਅਨ ਸ਼ਿਖਰ ਸੰਮੇਲਨ ਦੀ ਬੈਠਕ ਲਈ ਠੋਸ ਏਜੰਡਾ ਤਿਆਰ ਕਰਨ ਵਾਸਤੇ ਮਿਲਜੁਲ ਕੇ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਦੋਵੇਂ ਆਗੂ ਇਸ ਸੰਕਟ ਦੇ ਉਭਰ ਰਹੇ ਪਹਿਲੂਆਂ ਅਤੇ COVID ਤੋਂ ਬਾਅਦ ਦੇ ਹਾਲਾਤ ਬਾਰੇ ਸੰਪਰਕ 'ਚ ਵਿਚ ਰਹਿਣ ਉੱਤੇ ਸਹਿਮਤ ਹੋਏ।

ਨਵੀਂ ਦਿੱਲੀ
7 ਮਈ, 2020

DISCLAIMER: This is an approximate translation. The original is available in English on MEA's website and may be referred to as the official press release.